بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 12.03.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 12 ਮਾਰਚ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بعد فاعوذ بالله من الشيطٰن الرجيم۔
بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعَالَمِيْنَ۔ الرَّحْمٰنِ الرَّحِيْمِ۔ مَالِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਚੱਲ ਰਿਹਾ ਹੈ । ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਨੇ ਆਪਣੇ ਦੇਹਾਂਤ ਤੋਂ ਲਗਭਗ ਇਕ ਸਾਲ ਪਹਿਲਾਂ ਜੋ ਅੰਤਮ ਹੱਜ ਕੀਤਾ, ਉਸ ਸਮੇਂ ਫ਼ਸਾਦੀਆਂ ਨੇ ਸਿਰ ਚੁਕੱਣਾ ਸ਼ੁਰੂ ਕਰ ਦਿਤੱਾ ਸੀ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਹੱਜ ਤੋਂ ਵਾਪਸੀ'ਤੇ ਹਜ਼ਰਤ ਮੁਆਵੀਆਹ ਰਜ਼ੀ ਅਲੱਾਹੁ ਅਨਹੁ ਵੀ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨਾਲ ਮਦੀਨੇ ਆਏ । ਆਪ ਨੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੂੰ ਵੱਖਰਿਆਂ ਮਿਲਕੇ ਬਿਨਤੀ ਕਤੀ ਕਿ ਫ਼ਸਾਦ ਵਧੱਦਾ ਹੋਇਆਂ ਲਗੱਦਾ ਹੈ । ਆਪ ਮੇਰੇ ਨਾਲ ਸ਼ਾਮ ਚੱਲੋ ਕਿਉਕਿ ਸ਼ਾਮ ਵਿੱਚ ਹਰ ਪ੍ਰਕਾਰ ਦਾ ਅਮਨ ਹੈ ਅਤੇ ਕਿਸੇ ਵੀ ਪ੍ਰਕਾਰ ਦਾ ਫ਼ਸਾਦ ਨਹੀਂ । ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੇ ਉਤੱਰ ਦਿਤੱਾ ਕਿ ਮੈਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਗੁਆਂਢ ਨੂੰ ਕਿਸੇ ਵੀ ਅਵਸਥਾ ਵਿੱਚ ਨਹੀਂ ਛੱਡ ਸਕਦਾ, ਭਾਵੇਂ ਸ਼ਰੀਰ ਦੀਆਂ ਧੱਜੀਆਂ ਉਡਾ ਦਿੱਤੀਆਂ ਜਾਣ । ਹਜ਼ਰਤ ਮੁਆਵੀਆਹ ਰਜ਼ੀ ਅਲੱਾਹ ਅਨਹੁ ਨੇ ਕਿਹਾ ਕਿ ਫਿਰ ਦੂਜੀ ਸਲਾਹ ਇਹ ਹੈ ਕਿ ਆਪ ਮੈਂਨੂੰ ਆਗਿਆ ਦੇਣ ਕਿ ਮੈਂ ਇਕ ਸ਼ਾਮੀ ਫ਼ੌਜ ਦਾ ਜੱਥਾ ਆਪ ਦੀ ਸੁਰੱਖਿਆ ਲਈ ਭੇਜ ਦਿਆਂ । ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਨੇ ਉਤੱਰ ਦਿੱਤਾ ਕਿ ਨ ਮੈਂ ਉਸਮਾਨ ਦੀ ਜਾਨ ਦੀ ਸੁਰੱਖਿਆ ਲਈ ਐਨ੍ਹਾ ਭਾਰ ਅਰਥ ਵਿਵਸਥਾ'ਤੇ ਪਾ ਸਕਦਾ ਹਾਂ ਅਤੇ ਨ ਮੈਂ ਪਸੰਦ ਕਰਦਾ ਹਾਂ ਕਿ ਮਦੀਨੇ ਦੇ ਲੋਕਾਂ ਨੂੰ ਫ਼ੌਜ ਰਖੱਕੇ ਤੰਗੀ ਵਿੱਚ ਪਾਵਾਂ । ਇਸ'ਤੇ ਹਜ਼ਰਤ ਮੁਆਵੀਆਹ ਰਜ਼ੀ ਅਲੱਾਹ ਅਨਹੁ ਨੇ ਅਰਜ਼ ਕੀਤੀ ਕਿ ਫਿਰ ਤੀਜੀ ਸਲਾਹ ਇਹ ਹੈ ਸਹਾਬਾ ਦੀ ਮੌਜੂਦਗੀ ਵਿੱਚ ਲੋਕਾਂ ਨੂੰ ਜੁਰੱਤ ਹੈ ਕਿ ਜੇਕਰ ਉਸਮਾਨ ਨ ਰਹੇ ਤਾਂ ਇਹਨਾ ਵਿੱਚੋਂ ਕਿਸੇ ਨੂੰ ਅੱਗੇ ਖੜ੍ਹਾ ਕਰ ਦੇਣਗੇ । ਇਹਨਾਂ ਲੋਕਾਂ ਨੂੰ ਵੱਖ ਵੱਖ ਦੇਸ਼ਾਂ ਵਿੱਚ ਫੈਲਾ ਦੇਣ । ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਨੇ ਉਤੱਰ ਦਿਤੱਾ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਜਿੰਨ੍ਹਾ ਲੋਕਾਂ ਨੂੰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਇਕਠੱਾ ਕੀਤਾ ਹੈ ਉਹਨਾਂ ਨੂੰ ਨਿਖੇੜ ਦਿਆਂ । ਇਸ'ਤੇ ਹਜ਼ਰਤ ਮੁਆਵੀਆਹ ਰੋ ਪਏ ਅਤੇ ਅਰਜ਼ ਕੀਤੀ ਕਿ ਜੇਕਰ ਇਹ ਵਿਉਂਤਾਂ ਆਪ ਪਰਵਾਨ ਨਹੀਂ ਕਰਦੇ ਤਾਂ ਐਨ੍ਹਾਂ ਤਾਂ ਕਰ ਦਿਓ ਕਿ ਲੋਕਾਂ ਵਿੱਚ ਇਹ ਐਲਾਨ ਕਰ ਦੇਣ ਕਿ ਮੇਰੀ ਜਾਨ ਨੂੰ ਕੋਈ ਹਾਨੀ ਪਹੁੰਚੀ ਤਾਂ ਮੁਆਵੀਆਹ ਨੂੰ ਮੇਰਾ ਬਦਲਾ ਲੈਂਣ ਦਾ ਹੱਕ ਹੋਵੇਗਾ। ਸ਼ਾਇਦ ਲੋਕ ਇਸ ਖ਼ੌਫ਼ ਨਾਲ ਸ਼ਰਾਰਤ ਕਰਨ ਤੋਂ ਬਾਜ਼ ਆ ਜਾਣ ।

ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਨੇ ਉੱਤਰ ਦਿੱਤਾ ਕਿ ਮੁਆਵੀਆਹ, ਜੋ ਹੋਣਾ ਹੈ ਹੋਕੇ ਰਹੇਗਾ, ਮੈਂ ਅਜਿਹਾ ਨਹੀਂ ਕਰ ਸਕਦਾ ਕਿਉਂਕਿ ਆਪ ਦਾ ਸੁਭਾਉ ਸਖ਼ਤ ਹੈ । ਅਜਿਹਾ ਨ ਹੋਵੇ ਕਿ ਆਪ ਮੁਸਲਮਾਨਾ'ਤੇ ਸਖ਼ਤੀ ਕਰਨ । ਇਸ'ਤੇ ਹਜ਼ਰਤ ਮੁਆਵੀਆਹ ਰਜ਼ੀ ਅਲੱਾਹ ਅਨਹੁ ਰੋਂਦੇ ਹੋਏ ਉੱਠੇ ਅਤੇ ਕਿਹਾ ਕਿ ਮੈਂ ਸਮਝਦਾ ਹਾਂ ਕਿ ਸ਼ਾਇਦ ਇਹ ਅੰਤਮ ਮੁਲਾਕਾਤ ਹੋਵੇ ਅਤੇ ਬਾਹਰ ਨਿਕਲਕੇ ਸਹਾਬਾ ਨੂੰ ਕਿਹਾ ਕਿ ਇਸਲਾਮ ਦਾ ਦਾਰੋਮਦਾਰ ਆਪ ਲੋਕਾਂ'ਤੇ ਹੈ ਹਜਰਤ ਉਸਮਾਨ ਰਜ਼ੀ ਅਲੱਹੁ ਅਨਹੁ ਹੁਣ ਬ੍ਰਿਧ ਹੋ ਗਏ ਹਨ ਅਤੇ ਫ਼ਸਾਦ ਵੱਧ ਰਿਹਾ ਹੈ ਆਪ ਲੋਕ ਉਹਨਾ ਦਾ ਧਿਆਨ ਰਖੱਣ ਇਹ ਕਹਿਕੇ ਮੁਆਵੀਆਹ ਸ਼ਾਮ ਵੱਲ ਚੱਲ ਪਏ ।

ਹਜ਼ਰਤ ਉਸਮਾਨ ਰਜ਼ੀ ਅਲੱਹੁ ਅਨਹੁ ਦੀ ਸ਼ਹੀਦੀ ਤੋਂ ਪਹਿਲਾਂ ਫ਼ਸਾਦ ਤੇ ਆਪਦੀ ਸ਼ਹੀਦੀ ਦੀ ਘਟਨਾ ਦਾ ਜ਼ਿਕਰ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਕਿਉਂਕਿ ਬਾਗ਼ੀਆਂ ਨੂੰ ਦੇਖਣ ਨੂੰ ਗ਼ਲਬਾ ਹਾਸਲ ਹੋ ਚੁਕੱਾ ਸੀ । ਉਹਨਾ ਨੇ ਅਖ਼ੀਰੀ ਹੀਲੇ ਦੇ ਰੂਪ ਵਿੱਚ ਇਕ ਵਿਅਕਤੀ ਨੂੰ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਵੱਲ ਭੇਜਿਆ ਕਿ ਉਹ ਖ਼ਿਲਾਫ਼ਤ ਨੂੰ ਤਿਆਗ ਦੇਣ ਕਿਉਂਕਿ ਉਹ ਸਮਝਦੇ ਸਨ ਕਿ ਜੇਕਰ ਆਪ ਤਿਆਗ ਦੇਣਗੇ ਤਾਂ ਮੁਸਲਮਾਨਾ ਨੂੰ ਇਹਨਾ ਨੂੰ ਦੰਡ ਦੇਣ ਦਾ ਕੋਈ ਹੱਕ ਤੇ ਮੌਕਾ ਨਹੀਂ ਰਹੇਗਾ । ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਨੇ ਇਸ ਸੰਦੇਸ਼ਵਾਹਕ ਨੂੰ ਕਿਹਾ ਕਿ ਮੈਂ ਤਾਂ ਜਹਾਲਤ ਵਿੱਚ ਬਦੀਆਂ ਤੋਂ ਬਜਦਾ ਰਿਹਾ ਅਤੇ ਇਸਲਾਮ ਵਿੱਚ ਵੀ ਇਸ ਆਦੇਸ਼ ਨੂੰ ਨਹੀਂ ਤੋੜਿਆ । ਮੈਂ ਕਿਉਂ ਤੇ ਕਿਹੜੇ ਜੁਰਮ ਵਿੱਚ ਇਸ ਪੱਦ ਨੂੰ ਤਿਆਗ ਦਿਆਂ ਜੋ ਰੱਬ ਨੇ ਮੈਂਨੂੰ ਦਿੱਤਾ ਹੈ । ਮੈਂ ਇਸ ਕਮੀਜ਼ (ਕੁਰਤੇ) ਨੂੰ ਕਦੇ ਨਹੀਂ ਉਤਰਾਂਗਾ ਜੋ ਰੱਬ ਨੇ ਮੈਂਨੂੰ ਪੁਆਈ ਹੈ । ਉਹ ਵਿਅਕਤੀ ਇਹ ਉੱਤਰ ਸੁਣਕੇ ਪਰਤ ਆਇਆ ਅਤੇ ਆਪਣੇ ਸਾਥੀਆਂ ਨੂੰ ਇਹਨਾ ਸ਼ਬਦਾਂ ਵਿੱਚ ਆਣਕੇ ਸੰਬੋਧਤ ਹੋਇਆ ਕਿ ਰੱਬ ਦੀ ਸਹੁੰ ਅਸੀਂ ਸਖ਼ਤ ਮੁਸੀਬਤ ਵਿੱਚ ਫ਼ਸ ਗਏ ਹਾਂ, ਰੱਬ ਦੀ ਸਹੁੰ ਮੁਸਲਮਾਨਾ ਦੀ ਪਕੜ ਤੋਂ ਉਸਮਾਨ ਨੂੰ ਕਤਲ ਕਰਨ ਤੋਂ ਬਿਨਾ ਅਸੀਂ ਬੱਚ ਨਹੀਂ ਸਕਦੇ । ਇਹਨਾ ਲੋਕਾਂ ਨੇ ਇਹ ਫ਼ੈਸਲਾ ਕੀਤਾ ਕਿ ਕਿਸੇ ਗੁਆਂਢੀ ਦੇ ਘਰ ਦੀ ਕੰਧ ਟਪੱਕੇ ਹਜ਼ਰਤ ਉਸਮਾਨ ਨੂੰ ਕਤਲ ਕਰ ਦਿੱਤਾ ਜਾਏ । ਜੱਦ ਇਹ ਲੋਕ ਅੰਦਰ ਵੜੇ ਤਾਂ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਕੁਰਆਨ ਕਰੀਮ ਪੜ੍ਹ ਰਹੇ ਸਨ । ਇਹਨਾਂ ਦਿਨਾਂ ਵਿੱਚ ਆਪ ਨੇ ਇਕ ਇਹ ਕੰਮ ਕੀਤਾ ਕਿ ਇਹਨਾ ਲੋਕਾਂ ਦੇ ਘਰਾਂ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਆਪ ਰਜ਼ੀ ਅਲੱਾਹੁ ਅਨਹੁ ਨੇ ਦੋ ਵਿਅਕਤੀਆਂ ਨੂੰ ਖ਼ਜ਼ਾਨੇ ਦੀ ਸੁਰੱਖਿਆ ਲਈ ਨਿਯੁਕਤ ਕੀਤਾ ਕਿਉਂਕਿ ਜਿਵੇਂ ਕਿ ਪ੍ਰਮਾਣਤ ਹੈ ਕਿ ਇਸ ਰਾਤ ਸੁਪਨੇ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਆਪ ਨੂੰ ਦਿਖਾਈ ਦਿੱਤੇ ਅਤੇ ਫ਼ਰਮਾਇਆ ਕਿ ਉਸਮਾਨ ਅੱਜ ਸ਼ਾਮ ਨੂੰ ਰੋਜ਼ਾ ਸਾਡੇ ਨਾਲ ਖੋਲਣਾ । ਇਸ ਸੁਪਨੇ ਨਾਲ ਆਪ ਨੂੰ ਵਿਸ਼ਵਾਸ਼ ਹੋ ਗਿਆ ਕਿ ਅੱਜ ਮੈਂ ਸ਼ਹੀਦ ਹੋ ਜਾਵਾਂਗਾ । ਹਮਲਾ ਆਵਰਾਂ ਵਿੱਚੋਂ ਇਕ ਅੱਗੇ ਵੱਧਿਆ ਅਤੇ ਇਕ ਲੋਕੇ ਦੀ ਸੀਖ਼ (ਸਰੀਆ) ਹਜ਼ਰਤ ਉਸਮਾਨ ਦੇ ਸਿਰ'ਤੇ ਮਾਰੀ ਅਤੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਸਾਹਮਣੇ ਜੋ ਕੁਰਆਨ ਕਰੀਮ ਪਿਆ ਹੋਇਆ ਸੀ ਉਸਨੂੰ ਲੱਤ ਮਾਰਕੇ ਪਰ੍ਹਾਂ ਸੁੱਟ ਦਿੱਤਾ । ਕੁਰਆਨ ਕਰੀਮ ਲੁੜ੍ਹਕ ਕੇ ਫਿਰ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੇੜੇ ਆ ਗਿਆ ਅਤੇ ਆਪਜੀ ਦੇ ਸਿਰ'ਚੋਂ ਵਗੱਦੇ ਰਕਤ ਦੀਆਂ ਬੂੰਦਾਂ ਉਸ'ਤੇ ਡਿੱਗੀਆਂ । ਜਿਸ ਆਇਤ'ਤੇ ਆਪ ਦਾ ਰਕਤ ਡਿੱਗਿਆ ਉਹ ਆਇਤ ਇਕ ਜ਼ਬਰਦਸਤ ਭਵਿੱਖਬਾਣੀ ਸੀ, ਜੋ ਆਪਣੇ ਸਮੇਂ'ਤੇ ਪਹੁੰਚਕੇ ਵੱਡੀ ਸ਼ਾਨ ਨਾਲ ਪੂਰੀ ਹੋਈ ਕਿ ਸ਼ਖ਼ਤ ਤੋਂ ਸਖ਼ਤ ਦਿਲ ਵਿਅਕਤੀ ਨੇ ਇਸ ਖ਼ੂਨੀ ਅਖੱਰਾਂ ਦੀ ਝਲਕ ਦੇਖਕੇ ਖ਼ੌਫ਼ ਨਾਲ ਆਪਣੀਆਂ ਅਖੱਾਂ ਬੰਦ ਕਰ ਲਈਆਂ । ਉਹ ਆਇਤ ਇਹ ਸੀ । فَسَيَكْفِيْكَهُمُ اللهُ ۚ وَهُوَالسَّمِيْعُ الْعَلِيْمُ ਅਲੱਾਹ ਤਆਲਾ ਜ਼ਰੂਰ ਇਹਨਾ ਤੋਂ ਤੇਰਾ ਬਦਲਾ ਲਏਗਾ ਅਤੇ ਉਹ ਬਹੁਤ ਸੁਣਨ ਵਾਲਾ ਤੇ ਜਾਨਣ ਵਾਲਾ ਹੈ । ਇਸ ਦੇ ਬਾਦ ਇਕ ਹੋਰ ਵਿਅਕਤੀ ਅੱਗੇ ਵੱਧਿਆ ਅਤੇ ਉਸ ਨੇ ਤਲਵਾਰ ਨਾਲ ਆਪ'ਤੇ ਹਮਲਾ ਕਰਨਾ ਚਾਹਿਆ, ਪਹਿਲਾ ਵਾਰ ਕੀਤਾ ਤਾਂ ਆਪ ਨੇ ਆਪਣੇ ਹੱਥ ਨਾਲ ਉਸ ਨੂੰ ਰੋਕਿਆ ਅਤੇ ਆਪ ਦਾ ਹੱਥ ਕੱਟ ਗਿਆ । ਇਸ'ਤੇ ਆਪ ਨੇ ਫ਼ਰਮਾਇਆ ਕਿ ਖ਼ੁਦਾ ਤਆਲਾ ਦੀ ਸਹੁੰ ਇਹ ਉਹ ਹੱਥ ਹੈ ਜਿਸ ਨੇ ਸਭ ਤੋਂ ਪਹਿਲਾਂ ਕੁਰਆਨ ਕਰੀਮਕ ਲਿੱਖਿਆ ਸੀ । ਇਸ ਦੇ ਬਾਦ ਫਿਰ ਉਸਨੇ ਦੂਜਾ ਵਾਰ ਕਰਕੇ ਕਤਲ ਕਰਨਾ

ਚਾਹਿਆ ਤਾਂ ਆਪਦੀ ਪਤਨੀ ਨਾਇਲਾ ਉੱਥੇ ਆ ਗਈਂ ਅਤੇ ਆਪਨੇ ਇਹਨਾ ਨੂੰ ਵਿੱਚ ਹੀ ਰੋਕ ਦਿਤੱਾ ਪਰ ਇਹ ਸ਼ੱਕੀ ਵਿਅਕਤੀ ਇਕ ਇਸਤਰੀ'ਤੇ ਵੀ ਵਾਰ ਕਰਨ ਤੋਂ ਨ ਝੱਕਿਆ, ਜਿਸ ਨਾਲ ਉਹਨਾਂ ਦੀਆਂ ਉਂਗਲਾਂ ਕੱਟ ਗਈਆਂ । ਅਤੇ ਉਹ ਅੱਡ ਹੋ ਗਈਆਂ । ਫਿਰ ਉਸਨਾ ਇਕ ਵਾਰ ਹਜ਼ਰਤ ਉਸਮਾਨ'ਤੇ ਕੀਤਾ ਅਤੇ ਆਪ ਨੂੰ ਸਖ਼ਤ ਜ਼ਖਮੀ ਕਰ ਦਿਤੱਾ । ਫਿਰ ਇਸ ਸ਼ੱਕੀ ਵਿਅਕਤੀ ਨੇ ਇਹ ਵਿਚਾਰ ਕਰਕੇ ਕਿ ਹੁਣੇ ਜਾਨ ਨਹੀਂ ਨਿਕਲੀ ਆਪਦਾ ਗੱਲ੍ਹ ਘੁਟੱਣਾ ਸ਼ੁਰੂ ਕਰ ਦਿਤੱਾ ਅਤੇ ਉਸ ਸਮੇਂ ਤੱਕ ਆਪ ਦਾ ਗੱਲ੍ਹ ਘੁਟੱਦਾ ਰਿਹਾ ਜੱਦ ਤੱਕ ਆਪਜੀ ਦੇ ਪ੍ਰਾਣ ਇਸ ਮਿੱਟੀ ਦੇ ਸ਼ਰੀਰ'ਚੋਂ ਪੰਖੇਰੂ ਬਣਕੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਦਾਵਤ ਨੂੰ ਹਾਜ਼ਰ ਹਾਂ ਕੰਹਿਦਿਆਂ ਹੋਇਆਂ ਪਰਲੈ ਨੂੰ ਪਰਵਾਜ਼ ਕਰ ਗਏ । اناللہ وانا الیہ راجعون । ਹੁਣ ਇਸਲਾਮੀ ਹੁਕੂਮਤ ਦਾ ਤਖ਼ਤ ਖ਼ਲੀਫ਼ਾ ਤੋਂ ਖ਼ਾਲੀ ਹੋ ਗਿਆ । ਮਦੀਨਿ ਵਾਸੀਆਂ ਨੇ ਹੋਰ ਜਤਨ ਵਿਅਰਥ ਸਮਝੇ ਅਤੇ ਹਰ ਕੋਈ ਆਪਨੇ ਆਪਨੇ ਘਰੀਂ ਜਾ ਬੈਠ ਗਿਆ । ਇਹਨਾਂ ਲੋਕਾਂ ਨੇ ਹਜ਼ਰਤ ਉਸਮਾਨ ਨੂੰ ਮਾਰਕੇ ਘਰ'ਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ । ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੀ ਪਤਨੀ ਨੇ ਚਾਹਿਆ ਕਿ ਇਸ ਥਾਂ ਤੋਂ ਹੱਟ ਜਾਣ ਤਾਂ ਉਹਨਾ ਦੇ ਪਰਤਨ ਸਮੇਂ ਉਹਨਾ ਵਿੱਚੋਂ ਇਕ ਬਦਬਖ਼ਤ ਨੇ ਆਪਨੇ ਸਾਥੀਆਂ ਨਾਲ ਉਹਨਾ ਬਾਰੇ ਅਤਿਅੰਤ ਗੰਦੇ ਤੇ ਲਚੱਰ ਸ਼ਬਦਾਂ ਵਿੱਚ ਟਿਪੱਣੀ ਕੀਤੀ । ਇਹਨਾਂ ਲੋਕਾਂ ਦੀ ਬੇਸ਼ਰਮੀ ਐਨ੍ਹੀ ਵਧੀ ਹੋਈ ਸੀ ਕਿ ਕਿਸੇ ਵੀ ਪ੍ਰਕਾਰ ਦੀ ਬੁਰਾਈ ਤੇ ਕੁਕਰਮ ਉਹਨਾ ਤੋਂ ਦੂਰ ਨਹੀਂ ਸੀ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਮੈਂਨੂੰ ਰੱਬ ਨੇ ਬਹੁਤ ਵਡੱਾ ਮਰਤਬਾ ਦਿਤੱਾ ਹੈ ਅਤੇ ਮੈਂ ਇਸ'ਤੇ ਫ਼ਖ਼ਰ ਕਰਦਾ ਹਾਂ, ਪਰ ਮੇਰਾ ਦਿਲ ਚਾਹੁੰਦਾ ਹੈ ਕਿ ਕਾਸ਼ ਮੈਂ ਉਸ ਸਮੇਂ ਹੁੰਦਾ ਅਤੇ ਹੁਣ ਨ ਹੁੰਦਾ ਤਾਂ ਮੈਂ ਇਹਨਾ ਲੋਕਾਂ ਦੇ ਟੋਟੇ ਟੋਟੇ ਕਰ ਦਿੰਦਾ । ਇਹਨਾ ਲੋਕਾਂ ਨੇ ਅਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੂੰ ਬੇ ਪਰਦਾ ਕੀਤਾ ।

ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨਾਲ ਜੋ ਘਟਨਾਵਾਂ ਵਾਪਰੀਆਂ ਉਹਨਾ ਤੋਂ ਇਹੋ ਪਤਾ ਲਗੱਦਾ ਹੈ ਕਿ ਉਹ ਇਹਨਾ ਗਲੱਾਂ ਤੋਂ ਕਦੇ ਨਹੀਂ ਡਰੇ ਸਨ ਕਿ ਮੇਰੇ ਨਾਲ ਕੀ ਵਰਤਾਉ ਹੋਵੇਗਾ ।

ਹਜ਼ਰਤ ਮੁਸਲਿਹ ਮੌਊਦ ਰਗਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਜੇਕਰ ਅਸੀਂ ਅਕਲ ਨਾਲ ਦੇਖੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਇਹ ਇਕ ਮਹਾਨਤਮ ਸਿਲਸਿਲਾ ਹੈ ਅਰਥਾਤ ਖ਼ਿਲਾਫ਼ਤ ਦਾ ਸਿਲਸਿਲਾ । ਮੈਂ ਹੋਰਨਾ ਬਾਰੇ ਤਾਂ ਨਹੀਂ ਜਾਣਦਾ ਪਰ ਘੱਟੋ ਘੱਟ ਆਪਣੇ ਬਾਰੇ ਜਾਣਦਾ ਹਾਂ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਸਮੇਂ ਦਾ ਇਤਿਹਾਸ ਪੜ੍ਹਨ ਬਾਦ ਜੱਦ ਮੈਂ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ'ਤੇ ਪਈਆਂ ਔਕੁੜਾਂ ਉਪੱਰ ਦ੍ਰਿਸ਼ਟੀ ਮਾਰਦਾ ਹਾਂ ਅਤੇ ਦੂਜੇ ਪਾਸੇ ਇਸ ਨੂਰ ਤੇ ਰੂਹਾਨੀਯਤ ਨੂੰ ਦੇਖਦਾ ਹਾਂ ਜੋ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਆਣਕੇ ਇਹਨਾ ਵਿੱਚ ਪੈਦਾ ਕੀਤੀ ਤਾਂ ਮੈਂ ਕਹਿੰਦਾ ਹਾਂ ਕਿ ਜੇਕਰ ਦੁਨੀਆ ਵਿੱਚ ਮੇਰੀਆਂ ਦਸ ਹਜ਼ਾਰ ਨਸਲਾਂ ਪੈਦਾ ਹੋਣ ਵਾਲੀਆਂ ਹੁੰਦੀਆਂ ਅਤੇ ਉਹ ਸਾਰੀਆਂ ਦੀ ਸਾਰੀਆਂ ਇਕ ਥਾਂ ਇਕਤੱਰ ਕਰਕੇ ਕੁਰਬਾਨ ਕਰ ਦਿੱਤੀਆਂ ਜਾਂਦੀਆਂ ਤਾਂ ਉਹ ਫ਼ਸਾਦ ਟੱਲ ਸਕਦਾ ਤਾਂ ਮੈਂ ਸਮਝਦਾ ਹਾਂ ਕਿ ਇਹ ਜੂੰ ਦੇਕੇ ਹਾਥੀ ਖ਼ਰੀਦਣ ਦੇ ਸੌਦੇ ਬਰਾਬਰ ਹੈ । ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਦੇ ਬਾਦ ਸਾਰਿਆਂ ਸਹਾਬਾ ਦੀ ਨਜ਼ਰ ਖ਼ਿਲਾਫ਼ਤ ਦੇ ਤਖ਼ਤ ਉਪੱਰ ਬੈਠਣ ਲਈ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ'ਤੇ ਪਈ ਅਤੇ ਆਪ ਮਹਾਨਤਾ ਰਖੱਣ ਵਾਲੇ ਸਾਹਬਾ ਦੇ ਮਸ਼ਵਰਿਆਂ ਨਾਲ ਇਸ ਕੰਮ ਲਈ ਨਿਯੁਕਤ ਕੀਤੇ ਗਏ । ਆਪ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਦਾਮਾਦ ਸਨ ਅਤੇ ਇਕ ਮਗਰੋਂ ਇਕ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀਆਂ ਦੋ ਪੁਤੱਰੀਆਂ ਆਪ ਜੀ ਨਾਲ ਵਿਆਹੀਆਂ ਗਈਆਂ । ਇਸ ਤੋਂ ਪਤਾ ਲਗੱਦਾ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਦ੍ਰਿਸ਼ਟੀ ਵਿੱਚ ਆਪਜੀ ਦੀ ਕਿੰਨ੍ਹੀ ਵੱਡਿਆਈ ਤੇ ਮਹਾਨਤਾ ਸੀ । ਆਪ ਮੱਕੇ ਵਾਸੀਆਂ ਦੀ ਦ੍ਰਿਸ਼ਟੀ ਵਿੱਚ ਬਹੁਤ ਵਿਲਖੱਣ ਤੇ ਮਹਾਨਤਾ ਰਖੱਣ ਵਾਲੇ ਸਨ । ਹਜ਼ਰਤ ਅਬੂ ਬਕਰ ਰਜ਼ੀ ਅਲੱਹ ਅਨਹੁ ਦੇ ਇਸਲਾਮ ਧਾਰਣ ਕਰਨ ਦੇ ਬਾਦ ਜਿੰਨ੍ਹਾ ਵਿਸ਼ੇਸ਼ ਲੋਕਾਂ ਨੂੰ ਇਸਲਾਮ ਦੇ ਪ੍ਰਾਚਾਰ ਲਈ ਨਿਯੁਕਤ ਕੀਤਾ ਉਹਨਾ ਵਿੱਚ ਇਕ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਵੀ ਸਨ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਆਪ ਦਾ ਬਹੁਤ ਸਨਮਾਨ ਕਰਦੇ ਸਨ । ਇਕ ਵਾਰ ਆਪ

ਲੇਟੇ ਹੋਏ ਸਨ ਕਿ ਹਜ਼ਰਤ ਅਬੂ ਬਕਰ ਰਜ਼ੀ ਅਲੱਹੁ ਅਨਹੁ ਆਏ ਅਤੇ ਆਪ ਉਸੇ ਪ੍ਰਕਾਰ ਲੇਟੇ ਰਹੇ, ਫਿਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਆਏ, ਫਿਰ ਵੀ ਆਪ ਉਸੇ ਪ੍ਰਕਾਰ ਲੇਟੇ ਰਹੇ ਫਿਰ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਆਏ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਝੱਟ ਆਪਣੇ ਕਪੜੇ ਸਮੇਟਕੇ ਠੀਕ ਕਰ ਲਏ ਅਤੇ ਫ਼ਰਮਾਇਆ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਸੁਭਾਉ ਵਿੱਚ ਹਯਾ (ਸੰਗ) ਬਹੁਤ ਅਧਿਕ ਹੈ, ਇਸ ਲਈ ਮੈਂ ਉਸਦੇ ਇਸ ਅਹਿਸਾਸ ਦਾ ਧਿਆਨ ਰਖੱਕੇ ਅਜਿਹਾ ਕਰਦਾ ਹਾਂ । ਆਪ ਉਹਨਾਂ ਚੋਣਵੇਂ ਵਿਅਕਤੀਆਂ ਵਿੱਚੋਂ ਇਕ ਹਨ ਜਿੰਨ੍ਹਾ ਨੇ ਇਸਲਾਮ ਕੁਬੂਲ ਕਰਨ ਤੋਂ ਪਹਿਲਾਂ ਵੀ ਕਦੇ ਸ਼ਰਾਬ ਨੂੰ ਮੂੰਹ ਨਹੀਂ ਲਾਇਆ ਅਤੇ ਨ ਹੀ ਕਦੇ ਵਿਭਚਾਰ ਦੇ ਨੇੜੇ ਹੀ ਗਏ । ਆਪ ਕੋਈ ਸਾਧਾਰਣ ਵਿਅਕਤੀ ਨਹੀਂ ਸਨ ਅਤਿਅੰਤ ਉਤੱਮ ਦਰਜੇ ਦੇ ਆਚਰਣ ਆਪ ਵਿੱਚ ਪਾਏ ਜਾਂਦੇ ਸਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਆਪ'ਤੇ ਅਤਿਅੰਤ ਖ਼ੁਸ਼ ਸਨ ਅਤੇ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਨੇ ਆਪ ਨੂੰ ਉਹਨਾ ਛੇ ਲੋਕਾਂ ਵਿੱਚੋਂ ਇਕ ਕਰਾਰ ਦਿਤੱਾ ਜਿੰਨ੍ਹਾ ਨੂੰ ਹਜ਼ਰਤ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਦੇਹਾਂਤ ਦੇ ਸਮੇਂ ਤੱਕ ਆਪ ਸਲਲੱਾਹੁ ਅਲੈਹਿ ਵਸਲੱਮ ਦੀ ਖ਼ੁਸ਼ਨੂਦੀ ਹਾਸਲ ਸੀ । ਆਪ ਅਸ਼ਰਾ ਮੁਬਸ਼ਰਹ (ਅਜਿਹੇ ਦਸ ਵਿਅਕਤੀ ਜਿੰਨ੍ਹਾ ਨੂੰ ਜੀਉਂਦੇ ਜੀ ਸਵਰਗਾਂ ਦੀ ਖ਼ੁਸ਼ਖਬਰੀ ਹਾਸਲ ਸੀ ।) ਵਿੱਚੋਂ ਇਕ ਵਿਅਕਤੀ ਸਨ ।

ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਨੇ 17 ਜਾਂ 18 ਜ਼ੁਲ ਹਜੱਾ 35 ਹਿਜਰੀ ਨੂੰ ਜੁਮਏ ਦੇ ਦਿਨ ਨਮਾਜ਼ ਅਸਰ ਦੇ ਬਾਦ 82 ਸਾਲ ਦੀ ਉਮਰ ਵਿੱਚ ਸ਼ਹੀਦੀ ਪ੍ਰਾਪਤ ਕੀਤੀ । ਆਪ ਸਹੀਦੀ ਸਮੇਂ ਰੋਜ਼ੇ ਵਿੱਚ ਸਨ । ਹਜ਼ਰਤ ਜਬੀਰ ਬਿਨ ਮੁਤਾਅਮ ਨੇ ਆਪ ਦੀ ਨਮਾਜ਼ ਜਨਾਜ਼ਾਹ ਪੜ੍ਹਾਈ । ਹਜ਼ਰਤ ਉਸਾਮਨ ਰਜ਼ੀ ਅਲੱਾਹੁ ਅਨਹੁ ਨੂੰ ਹਫ਼ਤੇ ਦੀ ਰਾਤ ਮਗ਼ਰਿਬ ਤੇ ਇਸ਼ਾ ਵਿਚਕਾਰ ਹੱਸ਼ੇ ਕੌਕਬ ਵਿੱਚ ਦਫ਼ਨ ਕੀਤਾ ਗਿਆ । ਇਹ ਜਨੱਾਤੁਲ ਬਕੀ ਦੇ ਬਿਕੁਲ ਨੇੜੇ ਹੀ ਇਕ ਥਾਂ ਸੀ । ਹਜ਼ਰਤ ਉਸਾਮਨ ਬਿਨ ਅਅਫ਼ਾਨ ਰਜ਼ੀ ਅਲੱਾਹੁ ਅਨਹੁ ਕਿਹਾ ਕਰਦੇ ਸਨ ਕਿ ਨੇੜੇ ਹੀ ਇਕ ਕਾਮਲ ਪੁਰਸ਼ ਦਾ ਦੇਹਾਂਤ ਹੋਵੇਗਾ ਅਤੇ ਉਸ ਨੂੰ ਓਥੇ ਦਫ਼ਨ ਕੀਤਾ ਜਾਏਗਾ ਅਤੇ ਲੋਕ ਇਸ ਦੀ ਪੈਰ੍ਹਵੀ ਕਰਨਗੇ । ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਦਫ਼ਨ ਹੋਣ ਬਾਰੇ ਇਕ ਰਿਵਾਇਤ ਇਹ ਵੀ ਮਿਲਦੀ ਹੈ ਕਿ ਫ਼ਸਾਦੀਆਂ ਨੇ ਤਿੰਨ ਦਿਨ ਤੱਕ ਆਪ ਦੀ ਤਦਫ਼ੀਨ ਨਹੀਂ ਹੋਣ ਦਿੱਤੀ । ਫ਼ਿਰ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਦੇ ਜਤਨਾ ਨਾਲ ਆਪਦੀ ਤਦਫ਼ੀਨ ਦਾ ਕੰਮ ਨੇਪਰੇ ਚੜ੍ਹਾਇਆ ਗਿਆ । ਹਜ਼ੂਰ ਅਨਵਰ ਨੇ ਫ਼ਰਮਾਇਆ : ਬਹਿਰਹਾਲ ਅਜੇ ਕੁਝ ਹੋਰ ਜ਼ਿਕਰ ਚੱਲੇਗਾ । ਇਨਸ਼ਾਅਲੱਾਹ ।

ਜੁਮਏ ਦੇ ਖੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਮੌਲਵੀ ਮੁਹਮੱਦ ਇਦਰੀਸ ਤੀਰੋ ਸਾਹਬ ਮੁਬਲੱਗ਼ ਸਿਲਸਿਲਾ ਆਇਵਰੀਕੋਸਟ, ਮੁਕਰੱਮਾ ਅਮੀਨਾ ਨਾਇਗਾ ਕਾਰੇ ਸਾਹਿਬਾ ਯੂਗੰਡਾ, ਮੁਕਰੱਮ ਨੂਹੀ ਕਜ਼ਕ ਸਾਹਬ ਸ਼ਾਮ, ਮੁਕਰੱਮਾ ਫ਼ਰਹਤ ਸਾਹਿਬਾ ਰਬਵਾਹ ਦੇ ਸਦਗੁਣਾ ਨੂੰ ਵਰਨਣ ਕੀਤਾ ਅਤੇ ਨਮਾਜ਼ ਜੁਮਏ ਦੇ ਬਾਦ ਇਹਨਾਂ ਸਾਰਿਆਂ ਨੀ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ
وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ
ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 12.03.2021**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131